# PUNJABI

---

***Maximum Marks: 80***

***Time Allowed: Three hours***

*(Candidates are allowed **additional 15 minutes** for **only** reading the paper.*
*They must **NOT** start writing during this time).*

---

*Answer **Questions 1, 2 and 3 in Section A** and **four** questions from **Section B** on **any three** out of the four prescribed textbooks.*

*The intended marks for questions or parts of questions are given in brackets [ ].*

---

## SECTION A
## LANGUAGE - 40 MARKS

**Question 1** **[15]**

**Write a composition in approximately 400 words in Punjabi on any *one* of the topics given below.**

**ਹੇਠ ਲਿਖਿਆ ਵਿੱਚੋਂ ਕਿਸੇ ਇੱਕ ਵਿਸ਼ੇ ਉਪਰ ਲਗਭਗ 400 ਸ਼ਬਦਾਂ ਦਾ ਲੇਖ ਲਿਖੋ।**

(i) ਇਕ ਕਿਤਾਬ ਜਿਹੜੀ ਤੁਹਾਨੂੰ ਪਸੰਦ ਹੈ।

(ii) ਕਿਸੇ ਖਾਸ ਮੌਕੇ ਤੇ ਲੇਟ ਪਹੁੰਚਣ ਦਾ ਤਜ਼ਰਬਾ ਬਿਆਨ ਕਰਦੇ ਹੋਏ ਦੱਸੋ ਕਿ ਤੁਹਾਨੂੰ ਉਸ ਦਿਨ ਸਮੇਂ ਦੀ ਮਹੱਤਤਾ ਬਾਰੇ ਕੀ ਗਿਆਨ ਮਿਲਿਆ।

(iii) ਤੁਹਾਡੇ ਵਿਚਾਰ ਅਨੁਸਾਰ ਇਕ ਸਫ਼ਲ ਇਨਸਾਨ ਵਿੱਚ ਕਿਹੜੀਆਂ-ਕਿਹੜੀਆਂ ਖ਼ੂਬੀਆਂ ਚਾਹੀਦੀਆਂ ਹਨ।

(iv) ਜਵਾਨ ਹੋ ਰਹੇ ਬੱਚਿਆਂ ਪ੍ਰਤੀ ਮਾਪਿਆਂ ਦਾ ਰਵੱਈਆ।

(v) "ਵਿਆਹ ਸੌਦੇਬਾਜ਼ੀ ਅਤੇ ਵਿਖਾਵਾ ਬਣ ਗਏ ਹਨ"। ਇਸ ਕਥਨ ਦੇ ਹੱਕ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਦਿਉ।

---

(vi) ਹੇਠ ਲਿਖਿਆ ਵਿਚੋਂ ਕਿਸੇ ਇੱਕ ਵਿਸ਼ੇ ‘ਤੇ ਮੌਲਿਕ ਕਹਾਣੀ ਲਿਖੋ:-

(a) ਮਤਲਬੀ ਦੋਸਤ।

(b) ਜੇ ਪੱਲੇ ਹੋਵੇ ਸੱਚ, ਤਾਂ ਕੋਠੇ ਚੜ੍ਹਕੇ ਨੱਚ।

**Question 2**

**Read the passage given below carefully and answer the questions that follow, using your own words in Punjabi:**

**ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ, ਜਿਥੋ ਤੱਕ ਹੋ ਸਕੇ ਆਪਣੀ ਸ਼ਬਦਾਵਲੀ ਦੀ ਵਰਤੋ ਕਰੋ:**

ਸਹਿ-ਸਿੱਖਿਆ ਦਾ ਅਰਥ ਹੈ ਕੁੜੀਆਂ ਮੁੰਡਿਆਂ ਦਾ ਇਕੱਠੇ, ਇੱਕੋ ਸਕੂਲ ਜਾਂ ਕਾਲਜ ਵਿਚ ਇੱਕ ਛੱਤ ਹੇਠ ਵਿਦਿਆ ਪ੍ਰਾਪਤ ਕਰਨਾ। ਸਾਡੇ ਦੇਸ਼ ਵਿੱਚ ਸਹਿ-ਸਿੱਖਿਆ ਦਾ ਰਿਵਾਜ ਬਹੁਤ ਤੇਜੀ ਨਾਲ ਵੱਧ ਰਿਹਾ ਹੈ। ਕਈਆਂ ਦਾ ਵਿਸ਼ਵਾਸ਼ ਹੈ ਕਿ ਸਹਿ-ਸਿੱਖਿਆ ਨੂੰ ਅਪਨਾਉਣ ਵਿਚ ਅਸੀਂ ਪੱਛਮੀ ਦੇਸ਼ਾਂ ਦੀ ਨਕਲ ਕੀਤੀ ਹੈ। ਪਰ ਇਹ ਵਿਸ਼ਵਾਸ਼ ਠੀਕ ਨਹੀਂ, ਜੇ ਅਸੀਂ ਪੁਰਾਤਨ ਵਿਦਿਆ ਅਪਨਾਉਣ ਉੱਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਪੁਰਾਤਨ ਧਾਰਮਿਕ ਡੇਰਿਆਂ, ਮੰਦਰਾਂ, ਮਸਜਿਦਾਂ ਅਤੇ ਰਿਸ਼ੀਆਂ ਦੇ ਆਸ਼ਰਮ ਵਿੱਚ ਹੀ ਇਹ ਵਿਦਿਆ ਦਿੱਤੀ ਜਾਂਦੀ ਸੀ। ਹੌਲੀ-ਹੌਲੀ ਜਿਵੇਂ ਸਾਡੀ ਸਮਾਜਿਕ ਜੀਵਨ ਬਣਤਰ ਵਧੇਰੇ ਗੁੰਝਲਦਾਰ ਬਣਦੀ ਗਈ ਤਾਂ ਇਸਤਰੀ ਦੇ ਸਥਾਨ ਵਿਚ ਬਹੁਤਾ ਸੁਧਾਰ ਨਹੀਂ ਆਇਆ। ਇਸਤਰੀ ਦਾ ਸਥਾਨ ਘਰ ਦੀ ਚਾਰ-ਦੀਵਾਰੀ ਤੱਕ ਸੀਮਿਤ ਹੋ ਗਿਆ। ਕੁਝ ਥਾਵਾਂ ਤੇ ਪਰਦੇ ਦਾ ਰਿਵਾਜ਼ ਪ੍ਰਚਲਿਤ ਹੋਇਆ। ਇਸ ਰਿਵਾਜ਼ ਕਾਰਨ ਵੀ ਕੁੜੀਆਂ ਅਤੇ ਮੁੰਡਿਆਂ ਨੂੰ ਇਕੱਠਿਆਂ ਇਕੋ ਆਸ਼ਰਮ ਵਿੱਚ ਵਿਦਿਆ ਦੀ ਆਗਿਆ ਦਿੱਤੀ ਵੀ ਜਾਂਦੀ ਤਾਂ ਉਹ ਵੀ ਮੁੱਢਲੀ ਵਿਦਿਆ ਦੇ ਪੱਧਰ ਤੱਕ ਹੀ ਦਿੱਤੀ ਜਾਂਦੀ। ਇਸ ਤੋਂ ਅੱਗੇ ਵਡੇਰੀ ਉਮਰ ਦੀਆਂ ਕੁੜੀਆਂ ਦਾ ਆਪਣੇ ਬਰਾਬਰ ਦੇ ਮੁੰਡਿਆ ਨਾਲ ਬੈਠ ਕੇ ਵਿਦਿਆ ਪ੍ਰਾਪਤ ਕਰਨਾ ਨੈਤਿਕ ਪੱਖਾਂ ਤੋਂ ਖਤਰਨਾਕ ਸਮਝਿਆ ਜਾਣ ਲੱਗ ਪਿਆ। ਅੰਗਰੇਜ਼ੀ ਰਾਜ ਵਿੱਚ ਜਦ ਸਹਿ-ਸਿੱਖਿਆ ਦਾ ਰਿਵਾਜ ਮੁੜ ਚਾਲੂ ਕੀਤਾ ਗਿਆ ਤਾਂ ਇਹ ਕੋਈ ਅਸਲੋਂ ਨਵੀਂ ਗੱਲ ਨਹੀਂ ਸੀ। ਅੰਗਰੇਜ਼ਾਂ ਦੇ ਆਉਣ ਨਾਲ, ਜਿਹੜਾ ਨਵਾਂ ਗਿਆਨ ਅਤੇ ਚਾਨਣ ਸਾਡੇ ਦੇਸ਼ ਵਿੱਚ ਆਇਆ, ਸਹਿ-ਸਿੱਖਿਆ ਦਾ ਮੁੜ ਚਾਲੂ ਹੋਣਾ, ਉਸੇ ਦੀ ਉਪਜ ਹੈ। ਨਵੇਂ ਗਿਆਨ ਦੇ ਪ੍ਰਚਾਰਕਾਂ ਅਤੇ ਵਿਦਿਅਕ ਮਾਹਿਰਾਂ ਨੇ ਇਹ ਮਹਿਸੂਸ ਕੀਤਾ ਕਿ ਸਕੂਲ ਅਤੇ ਕਾਲਜਾਂ ਵਿੱਚ ਮੁੰਡੇ ਅਤੇ ਕੁੜੀਆਂ ਦਾ ਵੱਖੋ-ਵੱਖ ਖਾਨਿਆਂ ਵਿੱਚ ਬੰਦ ਰਹਿਣਾ ਸਮਾਜਿਕ ਜੀਵਨ ਲਈ ਲਾਹੇਵੰਦ ਨਹੀਂ ਕਿਉਂਕਿ ਜੀਵਨ ਦੇ ਸਫ਼ਰ ਵਿਚ ਇਸਤਰੀਆਂ ਮਰਦਾਂ ਨੇ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਜੋੜਕੇ ਤੁਰਨਾ ਹੁੰਦਾ ਹੈ। ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਰਹਿਣ ਕਾਰਨ ਅੱਜ ਵੀ ਭਾਰਤ ਦੀ ਪਛੜੀ ਜਨਤਾ ਵਲੋਂ ਸਹਿ-ਸਿੱਖਿਆ ਦਾ ਵਿਰੋਧ ਕੀਤਾ ਜਾਂਦਾ ਹੈ। ਪਰ ਜਿਵੇਂ ਉਸਦੇ ਪ੍ਰਚਲਿਤ ਹੋਣ ਨਾਲ ਇਸ ਦੇ ਲਾਭ ਅਮਲੀ ਰੂਪ ਵਿਚ ਪ੍ਰਗਟ ਹੋਏ ਤਾਂ ਲੋਕਾਂ ਦੀ ਰੁਚੀ ਸਹਿ-ਸਿੱਖਿਆ ਵੱਲ ਵਧਣ ਲੱਗੀ।

ਲੋਕਾਂ ਦੀ ਪਿਛਾਂਹਖਿਚੂ ਮਾਨਸਿਕਤਾ ਕਾਰਨ ਆਧੁਨਿਕ ਸਮੇਂ ਵਿੱਚ ਵੀ ਸਹਿ-ਸਿਖਿਅਕ ਅਦਾਰਿਆਂ ਵਿੱਚ ਭੇਜਣ ਤੋ ਕੰਨੀ ਕਤਰਾਉਂਦੇ ਹਨ। ਅਦਾਰਿਆਂ ਵਿੱਚ ਵੀ ਅਨੇਕਾਂ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ।

ਅੱਜ ਕਲ੍ਹ, ਕੁੜੀਆਂ ਅਨੇਕਾਂ ਖੇਤਰਾਂ ਵਿੱਚ ਮੁੰਡਿਆ ਨਾਲੋਂ ਅਗਾਂਹ ਵਧ ਮੱਲਾਂ ਮਾਰ ਰਹੀਆਂ ਹਨ। ਜਿਸ ਕਾਰਨ ਮੁੰਡਿਆਂ ਵਿੱਚ ਵੀ ਚੇਤੰਨਤਾ ਆ ਰਹੀ ਹੈ। ਇਹ ਕਰਮ ਸਾਡੇ ਦੇਸ਼ ਦੀ ਤਰੱਕੀ ਲਈ ਸ਼ੁਭ-ਸੰਕੇਤ ਹੈ।

(i) ਸਹਿ-ਸਿੱਖਿਆ ਕੀ ਹੈ? ਸਮਾਜ ਦੀ ਤਰੱਕੀ ਵਿੱਚ ਇਸਦਾ ਕੀ ਯੋਗਦਾਨ ਹੈ? **[3]**

(ii) ਕੀ ਪੁਰਾਤਨ ਸਮਿਆਂ ਵਿੱਚ ਸਹਿ-ਸਿੱਖਿਆ ਪ੍ਰਚਲਿਤ ਸੀ, ਕਿਵੇਂ ? **[3]**

(iii) ਨਵੇਂ ਗਿਆਨ ਦੇ ਪ੍ਰਚਾਰਕਾਂ ਦਾ ਸਹਿ-ਸਿੱਖਿਆ ਬਾਰੇ ਕੀ ਵਿਚਾਰ ਹੈ ? **[3]**

(iv) "....ਸਹਿ ਸਿੱਖਿਆ ਨੂੰ ਅਪਨਾਉਣ ਵਿੱਚ ਅਸੀਂ ਪੱਛਮੀ ਦੇਸ਼ਾਂ ਦੀ ਨਕਲ ਕੀਤੀ ਹੈ"।

(a) ਇਸ ਕਥਨ ਤੋਂ ਇਹ ਪਤਾ ਲਗਦਾ ਹੈ **[1]**

(1) ਸਹਿ-ਸਿੱਖਿਆ ਪੱਛਮੀ ਦੇਸ਼ਾਂ ਦੀ ਦੇਣ ਹੈ ?

(2) ਸਹਿ-ਸਿੱਖਿਆ ਦਾ ਅਧਾਰ ਪੱਛਮੀ ਦੇਸ਼ਾਂ ਦੀ ਵਿਦਿਆ ਪ੍ਰਣਾਲੀ ਹੈ।

(3) ਕਈ ਲੋਕਾਂ ਦਾ ਮਤ ਹੈ, ਕਿ ਸਹਿ-ਸਿੱਖਿਆ ਪੱਛਮੀ ਦੇਸ਼ਾਂ ਦੀ ਨਕਲ ਹੈ।

(4) ਲੋਕ ਮਤ ਠੀਕ ਨਹੀਂ ਕਿ ਸਹਿ-ਸਿੱਖਿਆ ਪੱਛਮੀ ਦੇਣ ਹੈ।

(b) ਪੱਛਮੀ ਦੇਸਾਂ ਤੋਂ ਕੀ ਭਾਵ ਹੈ? **[1]**

(1) ਇਸਲਾਮੀ ਦੇਸ਼

(2) ਯੂਰਪੀ ਦੇਸ਼

(3) ਏਸ਼ੀਆਈ ਦੇਸ਼

(4) ਪਹਾੜੀ ਦੇਸ਼

(c) ਸਹਿ-ਸਿੱਖਿਆ ਸਮੇਂ:- **[1]**

(1) ਕੁੜੀਆਂ ਘਰ ਵਿੱਚ ਪੜ੍ਹਦੀਆਂ ਹਨ?

(2) ਕੁੜੀਆਂ ਸਕੂਲ ਵਿੱਚ ਪੜ੍ਹਦੀਆਂ ਹਨ?

(3) ਮੁੰਡੇ ਤੇ ਕੁੜੀਆਂ ਇਕੱਠੇ ਪੜ੍ਹਦੇ ਹਨ।

(4) ਮੁੰਡੇ ਪਿੱਛੇ ਬੈਠ ਕੇ ਪੜ੍ਹਦੇ ਹਨ।

(v) ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਰਹਿਣ ਕਾਰਨ ਅੱਜ ਵੀ ਭਾਰਤ ਦੀ ਪਛੜੀ ਜਨਤਾ ਵਲੋਂ ਸਹਿ-ਸਿੱਖਿਆ ਦਾ ਵਿਰੋਧ ਕੀਤਾ ਜਾਂਦਾ ਹੈ।

(a) 'ਪਛੜੀ' ਸ਼ਬਦ ਦਾ ਸਹੀ ਅਰਥ ਹੈ। **[1]**

(1) ਗੁਲਾਮ

(2) ਪਿੱਛੇ ਰਹਿ ਗਈ

(3) ਅਜ਼ਾਦ

(4) ਪੁਰਾਤਨ

(b) 'ਢੰਗ' ਸ਼ਬਦ ਦਾ ਸਹੀ ਅਰਥ ਹੈ? **[1]**

(1) ਰੰਗੀਨ

(2) ਤਰੀਕਾ

(3) ਆਰਥਿਕ

(4) ਪ੍ਰਾਚੀਨ

(c) 'ਮੁੱਢਲੀ' ਸ਼ਬਦ ਦਾ ਸਹੀਂ ਅਰਥ ਹੈ? **[1]**

(1) ਖੇਤਰੀ

(2) ਸੁਰੂਆਤੀ

(3) ਅਗਾਂਹਵਧੂ

(4) ਸਮਾਨਅੰਤਰ।

**Question 3**

**(A) Correct the following sentences and rewrite as per the instructions given:**

**ਹੇਠ ਲਿਖੇ ਵਾਕਾਂ ਨੂੰ ਹਦਾਇਤਾਂ ਅਨੁਸਾਰ ਲਿਖੋ:-**

(i) ਹੇਠ ਲਿਖੇ ਵਾਕ ਦਾ ਸ਼ੁੱਧ ਰੂਪ ਲਿਖੋ। **[1]**

ਉਸ ਦਿਨ ਤੋਂ ਬਾਅਦ, ਮੈਂ ਉਸਨੂੰ ਨਹੀਂ ਹੈ ਦੇਖਿਆ।

(ii) ਖਾਲੀ ਸਥਾਨ ਭਰੋ। **[1]**

ਦਾਦੀ ਮਾਂ ਨੇ ਬਹੁਤ ਚੰਗੀ _____________ ਸੁਣਾਈ।

(iii) ਹੇਠ ਲਿਖਿਆਂ ਵਾਕਾਂ ਵਿਚੋਂ ਅਸ਼ੁੱਧ ਵਾਕ ਚੁਣੋ। **[1]**

(a) ਮਾਲੀ ਬੁਟਿਆਂ ਨੂੰ ਪਾਣੀ ਦੇ ਰਿਹਾ ਹੈ ।

(b) ਲੁਟੇਰਾ ਚਲਾ ਗਿਆ ਸਮਾਨ ਲੈ ਕੇ ।

(c) ਪਾਣੀ ਦਾ ਗਲਾਸ ਲਿਆਓ ।

(d) ਜਹਾਜ ਬੰਦਰਗਾਹ ਕੋਲ ਖੜ੍ਹਾ ਸੀ ।

(iv) ਹੇਠ ਲਿਖੇ ਵਾਕਾਂ ਵਿਚੋਂ ਸ਼ੁੱਧ ਵਾਕ ਚੁਣੋ। **[1]**

(a) ਰਾਮ ਤੇ ਸ਼ਾਮ ਖੇਡਣ ਜਾ ਰਹੇ ਹਨ।

(b) ਅਲਕਾ ਤੇ ਰਾਮ ਘਰ ਗਾਏ।

(c) ਭਾਰਤ ਦਾ ਰਾਜਧਾਨੀ ਦਿੱਲੀ ਹੈ।

(d) ਚੋਟੀ ਪਹਾੜ ਦੀ ਉੱਚੀ ਹੈ।

(v) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਸਹੀ ਬਦਲ ਚੁਣੋ। **[1]**

ਮੁੱਖ ਅਧਿਆਪਕ ਨੇ ਬੱਚਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ <u>ਅਰਪਿਤ</u> ਕੀਤਾ।

(a) ਅਬੋਧਨ

(b) ਸੰਬੋਧਨ

(c) ਪ੍ਰਬੋਧਨ

(d) ਹਮਜਨ।

**(B) Use the Idioms in the sentences as per the instructions given:**

(i) ਹੇਠ ਲਿਖੇ ਮੁਹਾਵਰੇ ਨੂੰ ਵਾਕਾਂ ਵਿੱਚ ਵਰਤੋ । **[1]**

ਉਂਗਲਾ ਤੇ ਨਚਾਉਣਾ

(ii) ਹੇਠ ਲਿਖੇ ਮੁਹਾਵਰੇ ਨੂੰ ਸ਼ੁੱਧ ਕਰੋ । **[1]**

ਗਲ ਪਿਆ ਡਮਰੂ ਵਜਾਉਣਾ ।

(iii) ਹੇਠ ਲਿਖੇ ਵਾਕ ਲਈ ਸਹੀ ਮੁਹਾਵਰੇ ਦੀ ਚੋਣ ਕਰੋ। **[1]**

ਦਿਆਲਾ ਹਰ ਇੱਕ ਦੀਆਂ ਗੱਲਾਂ ਵਿਚ ਆਕੇ ਆਪਣੀ ਪਤਨੀ ਨਾਲ ਲੜਦਾ ਹੈ।

(a) ਕੰਨਾ ਦਾ ਕੱਚਾ

(b) ਲਕੀਰ ਦਾ ਫਕੀਰ

(c) ਪਾਪੜ ਵੇਲਣੇ

(d) ਟਕੇ ਵਰਗਾ ਜੁਆਬ ਦੇਣਾ।

(iv) ਹੇਠ ਲਿਖੇ ਖਾਲੀ ਸਥਾਨ ਲਈ ਸਹੀ ਮੁਹਾਵਰੇ ਦੀ ਚੋਣ ਕਰੋ। **[1]**

ਰਮਾ ਨੇ ਬਹੁਤ ਮਿਹਨਤ ਕੀਤੀ। ਨਤੀਜਾ ਆਉਣ ਤੋਂ ਬਾਅਦ ਉਹ ________________

(a) ਫੁੱਲੀ ਨਾ ਸਮਾਉਣਾ

(b) ਟਸ ਤੋਂ ਮਸ ਨਾ ਹੋਣਾ

(c) ਭਾਂਬੜ ਬਾਲਣੇ

(d) ਆਕੜ ਭੰਨਣਾ।

(v) ਹੇਠ ਲਿਖੇ ਮੁਹਾਵਰੇ ਲਈ ਸਹੀ ਅਰਥ ਚੁਣੋ। **[1]**

ਆਟੇ ਦਾ ਦੀਵਾ

(a) ਫਾਲਤੂ

(b) ਬੇਫਿਕਰਾ

(c) ਕਮਜ਼ੋਰ

(d) ਕੰਮਚੋਰ

## SECTION B

## LITERATURE - 40 MARKS

*Answer **four** questions from this section on **any three** out of the four prescribed textbooks.*

ਨਿਰਧਾਰਤ ਪਾਠ ਪੁਸਤਕਾਂ ਵਿੱਚੋਂ ਕਿਸੇ ਵੀ ਤਿੰਨ ਪੁਸਤਕਾਂ ਵਿੱਚੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਉ ।

## ਮੜ੍ਹੀ ਦਾ ਦੀਵਾ (MARI DA DIVA)

**Question 4**

ਹੇਠ ਲਿਖੀ ਲਿਖਤ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

"ਚੰਦਰਿਆ ਜੇ ਤੂੰ ਹੀ ਮੇਰੀ ਗੱਲ ਮੰਨ ਲੈਂਦਾ ਤਾਂ ਹੁਣ ਨੂੰ ਸੁੱਖ ਨਾਲ ਵਿਹੜੇ ਨੂੰ ਭਾਗ ਨਾ ਲੱਗੇ ਹੁੰਦੇ।...

..ਕਿਸੇ ਪੋਤੇ ਤੋਂ ਸਿੜ੍ਹੀ ਨੂੰ ਹੱਥ ਲੁਆਕੇ ਤੁਰਦਾ ਤਾਂ ਗਤ ਹੋ ਜਾਂਦੀ"।

(i) ਇਹ ਸ਼ਬਦ ਕੌਣ ਕਿਸਨੂੰ ਸੰਬੋਧਨ ਕਰਕੇ ਕਹਿ ਰਿਹਾ ਹੈ? **[1]**

(ii) ਉਪਰੋਕਤ ਸ਼ਬਦ ਬੋਲਣ ਵਾਲੇ ਦੀ ਕਿਹੜੀ ਗੱਲ ਨਹੀਂ ਸੀ ਮੰਨੀ ਗਈ ਤੇ ਕਿਉਂ ਨਹੀਂ ਸੀ ਮੰਨੀ ਗਈ? **[2]**

(iii) ਵਿਹੜੇ ਨੂੰ ਭਾਗ ਲੱਗਣ ਤੋਂ ਕੀ ਭਾਵ ਹੈ? **[2]**

(iv) ਇਹ ਪਾਤਰ ਦੁਖੀ ਕਿਉਂ ਰਹਿੰਦਾ ਹੈ? **[5]**

**Question 5** **[10]**

ਜਗਸੀਰ ਦੀ ਜਵਾਨੀ ਦੇ ਦਿਨਾਂ ਦਾ ਹਾਲ ਬਿਆਨ ਕਰੋ।

**Question 6** **[10]**

ਤੁਹਾਡੇ ਵਿਚਾਰ ਅਨੁਸਾਰ ਧਰਮ ਸਿੰਘ ਦਾ ਘਰ ਛੱਡਣਾ ਅਤੇ ਅਲੋਪ ਹੋਣਾ ਠੀਕ ਸੀ ਜਾਂ ਗਲਤ? ਵਿਸਥਾਰ ਸਹਿਤ ਦੱਸੋ।

## ਕਲ੍ਹ ਅੱਜ ਤੇ ਭਲਕ (KAL AJJ TE BHALAK)

**Question 7**

ਹੇਠ ਲਿਖੀ ਲਿਖਤ ਪੜ੍ਹੋ ਅਤੇ ਇਸਦੇ ਅਖੀਰ ਵਿੱਚ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉਂ:

ਰਾਜ ਮੰਤਰੀ : ਬੀਬੀ, ਤੂੰ ਕੌਣ ਹੈ?

ਮੁਟਿਆਰ : ਮੈਂ ਪਿੰਡ ਦੀਆਂ ਔਰਤਾਂ ਦੀ ਲੀਡਰ।

ਰਾਜ ਮੰਤਰੀ : ਤੂੰ ਤਾਂ ਪੜ੍ਹੀ ਲਿਖੀ ਲਗਦੀ ਹੈ?

ਮੁਟਿਆਰ : ਜੀ ਹਾਂ, ਮੈਂ ਐਮ.ਏ. ਅੰਗ੍ਰੇਜੀ ਪਾਸ ਹਾਂ।

(i) ਮੁਟਿਆਰ ਤੇ ਰਾਜ ਮੰਤਰੀ ਦੀ ਇਹ ਵਾਰਤਾਲਾਪ ਕਦੋਂ ਹੋਈ? **[1]**

(ii) ਮੁਟਿਆਰ, ਮੰਤਰੀ ਨੂੰ ਔਰਤਾਂ ਦੀਆਂ ਸਮੱਸਿਆਵਾਂ ਬਾਰੇ ਕੀ ਦੱਸਦੀ ਹੈ? ਸੰਖੇਪ ਉੱਤਰ ਦਿਉ। **[2]**

(iii) ਮੰਤਰੀ ਉਸਨੂੰ ਕੀ ਭਰੋਸਾ ਦਿੰਦਾ ਹੈ? **[2]**

(iv) ਨਾਟਕ ਦਾ ਵਿਸ਼ਾ ਸੰਖੇਪ ਵਿੱਚ ਦੱਸੋ। **[5]**

**Question 8** **[10]**

'ਕਲ੍ਹ ਅੱਜ ਤੇ ਭਲਕ ' ਨਾਟਕ ਵਿੱਚ ਲੇਖਕ ਨੇ ਧਰਮ ਅਤੇ ਰਾਜਨੀਤੀ ਦੇ ਆਪਸੀ ਸੰਬਧਾਂ ਅਤੇ ਡੇਰਿਆਂ ਵਿੱਚ ਹੋ ਰਹੇ ਗ਼ਲਤ ਕੰਮਾਂ ਬਾਰੇ ਦੱਸਿਆ ਹੈ। ਕਿਵੇਂ?

**Question 9** **[10]**

'ਕਲ੍ਹ ਅੱਜ ਤੇ ਭਲਕ ' ਨਾਟਕ ਦੀਆਂ ਕੋਈ ਦੋ ਘਟਨਾਵਾਂ ਦਾ ਵਰਨਣ ਕਰੋ ਜਿਹੜੀਆਂ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀਆਂ ਹਨ?

## ਕਥਾ-ਸੰਗਮ (KATHA-SANGAM)

**Question 10**

ਹੇਠ ਲਿਖੀ ਲਿਖਤ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

ਅਚਨਚੇਤੀ ਬਰਫ਼ ਦਾ ਉਹ ਟਿੱਬਾ ਤਿੜਕ ਗਿਆ। ਉਹਦੇ ਵਿੱਚੋਂ ਚਿੱਟੇ ਦਸਤਾਨੇ ਵਾਲਾ ਹੱਥ ਬਾਹਰ ਨਿਕਲਿਆ। ਉਸ ਹੱਥ ਨੇ ਹਵਾ ਨੂੰ ਫੜਨ ਦੇ ਜਤਨ ਵਿੱਚ ਵਾਰ-ਵਾਰ ਮੁੱਠ ਖੋਹਲੀ ਤੇ ਬੰਦ ਕੀਤੀ। ਪਤਾ ਨਹੀਂ ਉਹ ਹੱਥ ਹਵਾ ਨੂੰ ਫੜ ਵੀ ਸਕਿਆ ਜਾਂ ਨਹੀਂ, ਪਰ ਏਨਾ ਜ਼ਰੂਰ ਹੋਇਆ ਕਿ ਦਸਤਾਨੇ ਵਾਲਾ ਦੂਸਰਾ ਹੱਥ ਵੀ ਬਰਫ਼ 'ਚੋਂ ਬਾਹਰ ਝਾਕਿਆ।

(i) ਉਪਰੋਕਤ ਸਤਰਾਂ ਕਿਹੜੀ ਕਹਾਣੀ ਵਿੱਚੋਂ ਲਈਆਂ ਗਈਆਂ ਹਨ? **[1]**

(ii) ਲੇਖਕ ਨੇ ਇਸ ਕਹਾਣੀ ਵਿੱਚ ਗਲੇਸ਼ੀਅਰ ਬਾਰੇ ਕੀ ਜਾਣਕਾਰੀ ਦਿੱਤੀ ਹੈ? ਸੰਖੇਪ ਵਿੱਚ ਲਿਖੋ। **[2]**

(iii) ਬਰਫ਼ ਵਿੱਚੋਂ ਕੌਣ ਤੇ ਕਿਸ ਤਰ੍ਹਾਂ ਬਾਹਰ ਆਇਆ? **[2]**

(iv) 'ਬਿਲਾ ਫੋਂਡ ਲਾ' ਦੀ ਕਮਾਨ ਸੰਭਾਲਣ ਲਈ ਜਾ ਰਹੀ ਤੀਜੀ ਟੋਲੀ ਨਾਲ ਕੀ ਦੁਰਘਟਨਾ ਵਾਪਰੀ ਅਤੇ ਸੂਬੇਦਾਰ ਪੂਰਨ ਸਿੰਘ ਨੂੰ ਕਮਾਨ ਕਿਉਂ ਸੌਂਪੀ ਗਈ? **[5]**

**Question 11** **[10]**

'ਸ਼ੇਰਨੀਆਂ' ਕਹਾਣੀ ਦਾ ਵਿਸ਼ਾ ਤੇ ਸਾਰ ਸੰਖੇਪ ਸ਼ਬਦਾਂ ਵਿੱਚ ਲਿਖੋ।

**Question 12** **[10]**

'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਘਰ ਦੀ ਕੀ ਮਹੱਤਤਾ ਦੱਸੀ ਹੈ, ਉਦਾਹਰਨਾਂ ਸਹਿਤ ਲੇਖ ਦੇ ਅਧਾਰ ਉੱਤੇ ਲਿਖੋ।

## ਕਾਵਿ ਕਿਆਰੀ (KAV-KEYARI)

**Question 13**

ਹੇਠ ਲਿਖੀਆਂ ਕਾਵਿ ਸਤਰਾਂ ਪੜ੍ਹਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

'ਹੂੰ' ਕਹਿੰਦਾ ਖੋੜੋਂ ਨਿਕਲਆ ਸੀ,
ਤੇ ਉੱਡ ਪਿੱਪਲੇ ਆਯਾ ਸੀ,
ਤਕ ਓਪਰੇ ਆਏ ਤੋਤੇ ਨੂੰ,
ਇਕ ਡੂੰਘਾ ਧਯਾਨ ਜਮਾਯਾ ਸੀ,

(i) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ? **[1]**

(ii) ਬੁੱਢੇ ਤੋਤੇ ਨੇ ਗੰਗਾ ਰਾਮ ਨੂੰ ਕੀ ਸੁਆਲ ਕੀਤਾ? **[2]**

(iii) ਗੰਗਾ ਰਾਮ ਸਬੰਧੀ ਤੁਸੀਂ ਕੀ ਜਾਣਦੇ ਹੋ? **[2]**

(iv) ਇਸ ਕਵਿਤਾ ਦਾ ਵਿਸ਼ਾ ਵਸਤੂ ਕੀ ਹੈ? **[5]**

**Question 14** **[10]**

ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਤਾਜ ਮਹਲ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। ਇਸ ਰਾਹੀਂ ਕਵੀ ਨੇ ਕੀ ਸੰਦੇਸ਼ ਦਿੱਤਾ ਹੈ?

**Question 15** **[10]**

'ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ' ਕਵਿਤਾ ਰਾਹੀਂ ਕੀ ਸੰਦੇਸ਼ ਦਿੱਤਾ ਗਿਆ ਹੈ? ਇਸਦਾ ਸੰਖੇਪ ਸਾਰ ਵੀ ਲਿਖੋ।